PUNJABI

# ਹਾਊਸਿੰਗ ਫਾਰ ਉਲਡਰ ਪੀਪਲ
# ਨੀਊਜ਼ਲੈਟਰ

# ਬਜ਼ੁਰਗਾਂ ਦੀ ਰਿਹਾਇਸ਼ ਵਾਲਾ ਨੀਊਜ਼ਲੈਟਰ ਤੁਹਾਨੂੰ

## ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ ਦੇਂਦਾ ਹੈ

### ਈਅਨ ਗਰੇ ਐਮ ਐਸ ਪੀ, ਮਨਿਸਟਰ ਫਾਰ ਸੋਸ਼ਲ ਜਸਟਿਸ ਵਲੋਂ ਸੰਦੇਸ਼

ਇਸ ਨਵੇਂ ਸਾਲ ਦੇ ਸ਼ੁਰੂ ਤੋਂ ਮੈਂ ਕਰਕ ਕੇਅਰ ਹੈਨੋਵਰ (ਸਕਾਟਲੈਂਡ) ਅਤੇ ਬੀਲਡ ਹਾਊਸਿੰਗ ਐਸੋਸੀਏਸ਼ਨ ਨੂੰ ਬਜ਼ੁਰਗਾਂ ਨਾਲ ਨਵੇਂ ਢੰਗ ਨਾਲ, ਜਿਸ ਵਿਚ ਕਾਲੀਆਂ ਅਤੇ ਘੱਟਗਿਣਤੀ ਦੀਆਂ ਕਮਿਊਨਿਟੀਆਂ ਵੀ ਸ਼ਾਮਲ ਹਨ, ਕੰਮ ਕਰਨ ਲਈ ਵਧਾਈ ਦੇਣੀ ਚਾਹਾਂਗਾ।

ਇਨ੍ਹਾਂ ਐਸੋਸੀਏਸ਼ਨਾਂ ਵਲੋਂ ਭੇਦ ਭਾਵ ਨਾਲ ਸਿੱਧੇ ਤੌਰ ਤੇ ਸਿੱਝਣ ਦਾ ਅਤੇ ਕਈ ਬਜ਼ੁਰਗਾਂ ਵਲੋਂ ਅਨੁਭਵ ਕੀਤੀਆਂ ਹੋਈਆਂ ਸਮਾਜਕ ਅੱਡਰੇਪਣ ਦੀਆਂ ਕਠਿਨਾਈਆਂ ਦਾ ਸਮਾਧਾਨ ਕਰਨ ਦਾ ਮੈਂ ਪੂਰੀ ਤਰ੍ਹਾਂ ਸਮਰਥਨ ਕਰਦਾ ਹਾਂ। ਇਕ ਸਾਫ ਸੰਦੇਸ਼ ਨੂੰ ਅੱਗੇ ਲੈ ਜਾਣਾ ਬਹੁਤ ਮਹੱਤਵਪੂਰਣ ਹੈ ਕਿਉਂਕਿ ਅਸੀਂ ਸੰਸਥਾਨਕ ਜਾਂ ਕਿਸੇ ਹੋਰ ਤਰ੍ਹਾਂ ਦੇ ਭੇਦਭਾਵ ਦੇ ਵਿਰੁੱਧ ਹਾਂ। ਸਕਾਟਿਸ਼ ਅਗਜ਼ੈਕਟਿਵ ਦਾ ਪ੍ਰਮੁੱਖ ਉਦੇਸ਼ ਸੋਸਾਇਟੀ ਨੂੰ ਹੋਰ ਜ਼ਿਆਦਾ ਸਮੁੱਚੀ ਬਣਾਉਨ ਦਾ ਹੈ ਜਿਸ ਵਿਚ ਅਨੇਕਰੂਪਤਾ ਦੇ ਭਰਪੂਰ ਸਭਿਆਚਾਰਾਂ ਅਤੇ ਸਕਾਟਿਸ਼ ਜੀਵਨ ਨੂੰ ਬਣਾਉਨ ਵਾਲੀਆਂ ਕਮਿਊਨਿਟੀਆਂ ਨੂੰ ਵਿਕਸਿਤ ਕਰਨਾ ਹੈ। ਬਜ਼ੁਰਗਾ ਦੇ ਅਨੁਭਵ ਨਾਲ ਸਾਨੂੰ ਸਭ ਨੂੰ ਰਚਨਾਤਮਕ ਢੰਗ ਨਾਲ ਨਜਿੱਠਣਾ ਚਾਹੀਦਾ ਹੈ ਜਿਸ ਵਿਚ ਘੱਟ ਗਿਣਤੀ ਦੀਆਂ ਨਸਲੀ ਕਮਿਊਨਿਟੀਆਂ ਦੇ ਬਜ਼ੁਰਗ ਵੀ ਸ਼ਾਮਲ ਹਨ ਅਤੇ ਉਨ੍ਹਾਂ ਦੀਆਂ ਵਿਸ਼ੇਸ਼ ਰਿਹਾਇਸ਼ੀ ਲੋੜਾਂ ਨੂੰ ਮਾਣਤਾ ਦੇਣਾ ਹੈ।



"ਕੇਵਲ ਮਿਲ ਜੁਲ ਕੇ ਕੰਮ ਕਰਨ ਨਾਲ ਹੀ ਅਸੀਂ ਸਹਾਇਤਾ ਕਰ ਸਕਾਂਗੇ ਜਿਸ ਨਾਲ ਪੱਕ ਹੋ ਸਕੇਗਾ ਕਿ ਲੋਕ ਉਨ੍ਹਾਂ ਵਿਸ਼ਿਆਂ ਵਿਚ ਪੂਰੀ ਤਰ੍ਹਾਂ ਰੁਝਣਗੇ ਜਿਹੜੇ ਉਨ੍ਹਾਂ ਦੀਆਂ ਜ਼ਿੰਦਗੀਆਂ ਅਤੇ ਕਮਿਊਨਿਟੀ ਨੂੰ ਪ੍ਰਭਾਵਿਤ ਕਰਦੇ ਹਨ। ਆਉਣ ਵਾਲੇ ਸਾਲ ਵਿਚ ਤੁਹਾਡੇ ਸਭ ਨਾਲ ਪੂਰੀ ਤਰ੍ਹਾਂ ਮਿਲ ਕੇ ਕੰਮ ਕਰਨ ਲਈ ਤਾਂਘ ਨਾਲ ਉਡੀਕ ਕਰਦਾ ਰਹਾਂਗਾ।"

ਅੰਦਰ ਹੈ.....
ਫਾਈਫ ਦੀ ਮਹੱਤਵਪੂਰਣ ਘਟਨਾ,
ਓਪਨ ਸਰਜਰੀਆਂ,
ਭਾਈਵਾਲੀ ਵਿਚ ਕੰਮ ਕਰਨਾ
ਅਤੇ ਹੋਰ ਵੀ ਬਹੁਤ ਕੁਝ

KIRK care HOUSING

HANOVER SCOTLAND

BIELD INDEPENDENCE FOR OLDER PEOPLE

## ਫਾਈਫ ਦੀ ਮਹੱਤਵਪੂਰਣ ਘਟਨਾ

ਜਿਵੇਂ ਪਿਛਲੇ ਨੀਊਜ਼ਲੈਟਰ ਵਿਚ ਦਸਿਆ ਗਿਆ ਸੀ ਕਿ 8 ਅਕਤੂਬਰ 2001 ਨੂੰ ਐਡਮ ਸਮਿੱਥ ਥੀਏਟਰ, ਕਰਕਾਡੀ ਵਿਚ ਇਕ ਸਮਾਜਕ ਮਹੱਤਵਪੂਰਣ ਘਟਨਾ ਮਣਾਈ ਗਈ ਸੀ। ਉਸ ਸ਼ਾਮ ਨੂੰ ਬਹੁਤ ਇਕੱਠ ਹੋਇਆ ਸੀ ਅਤੇ ਇਹ ਵੇਖ ਕੇ ਬੜਾ ਉਤਸਾਹ ਮਿਲਿਆ ਸੀ ਕਿ ਬੀ ਐਮ ਈ ਕਮਿਊਨਿਟੀਆਂ ਦੇ ਬਹੁਤ ਸਾਰੇ ਲੋਕ ਐਸੋਸੀਏਸ਼ਨਾਂ ਨਾਲ ਪਰਸਪਰ ਪ੍ਰਭਾਵ ਪਾ ਰਹੇ ਸਨ।

ਉਸ ਸ਼ਾਮ ਦੇ ਮਹਿਮਾਣ ਬੁਲਾਰੇ ਮਾਰਗਰੇਟ ਕਰਣ ਐਮ ਐਸ ਪੀ, ਡਿਪਟੀ ਮਨਿਸਟਰ ਫਾਰ ਸੋਸ਼ਲ ਜਸਟਿਸ ਨੇ ਹਾਊਸਿੰਗ ਐਸੋਸੀਏਸ਼ਨਾਂ ਵਲੋਂ ਆਪਣੀਆਂ ਰਿਹਾਇਸ਼ੀ ਅਤੇ ਸਹਾਇਕ ਸੇਵਾਵਾਂ ਬਾਰੇ ਸਾਰੀਆਂ ਕਮਿਊਨਿਟੀਆਂ ਨੂੰ ਦਸਣ ਲਈ ਉਨ੍ਹਾਂ ਵਲੋਂ ਆਪਣੀਆਂ ਜਾਂ ਰਚਨਾਤਮਕ ਕਾਰਵਾਈਆਂ ਦੀ ਪ੍ਰਸ਼ੰਸਾ ਕੀਤੀ। ਹੋਰ ਬੁਲਾਰਿਆਂ ਵਿਚ ਸਲਮਾ ਰਹਿਮਾਣ, ਡਾਇਰੈਕਟਰ, ਫਾਈਫ ਰੇਸ਼ੀਅਲ ਇਕੂਐਲਿਟੀ ਕੌਂਸਿਲ ਅਤੇ ਕੌਂਸਿਲਰ ਟਰੀਜ਼ਾ ਗੰਨ, ਚੇਅਰ–ਐਡਲਟ ਸਰਵਿਸਿਜ਼ ਕਮੇਟੀ, ਫਾਈਫ ਕੌਂਸਿਲ ਵੀ ਸ਼ਾਮਲ ਸਨ।
ਹਾਊਸਿੰਗ ਐਸੋਸੀਏਸ਼ਨਾਂ ਤਾਂਘ ਨਾਲ ਇਸ ਗੱਲ ਦੀ ਉਡੀਕ ਕਰ ਰਹੀਆਂ ਹਨ ਜਦੋਂ ਕਮਿਊਨਿਟੀਆਂ ਵਿਚੋਂ ਵਧੇਰੀ ਗਿਣਤੀ ਵਿਚ ਲੋਕ ਉਨ੍ਹਾਂ ਵਲੋਂ ਪੇਸ਼ ਕੀਤੀਆਂ ਜਾਂਦੀਆਂ ਬਹੁਤ ਤਰ੍ਹਾਂ ਦੀਆਂ ਸੇਵਾਵਾਂ ਤਕ ਪਹੁੰਚ ਅਤੇ ਉਨ੍ਹਾਂ ਦੀ ਵਰਤੋਂ ਕਰਣਗੇ।





## ਸ਼ੈਲਟਰਡ ਅਤੇ ਕੇਅਰ ਹਾਊਸਿੰਗ ਨੂੰ ਵੇਖਣ ਜਾਣਾ



ਬੀ ਐਮ ਈ ਕਮਿਊਨਿਟੀਆਂ ਦੇ ਬਜ਼ੁਰਗਾਂ ਅਤੇ ਸਟਾਫ ਵਲੋਂ ਸ਼ੈਲਟਰਡ ਅਤੇ ਕੇਅਰ ਹਾਊਸਿੰਗ ਨੂੰ ਵੇਖਣ ਜਾਣ ਦੀ ਸਫਲਤਾ ਕਾਰਣ ਨਾਰੀ ਕਲਿਆਣ ਸੰਘੇ (ਐਨ ਕੇ ਐਮ) ਮਾਇਨਾਰਿਟੀ ਐਥਨਿਕ ਕੇਅਰਰਜ਼ ਆਫ ਓਲਡਰ ਪੀਪਲ ਪ੍ਰੋਜੈਕਟ (ਐਮ ਈ ਸੀ ਓ ਪੀ ਪੀ) ਅਤੇ ਮਲਟੀਕਲਚਰਲ ਐਲਡਰਲੀ ਕੇਅਰ ਸੈਂਟਰ (ਐਮ ਈ ਸੀ ਸੀ) ਲਈ ਹੋਰ ਜ਼ਿਆਦਾ ਜਾਣ ਦਾ ਪ੍ਰਬੰਧ ਕੀਤਾ ਗਿਆ ਸੀ। ਮਹਿਮਾਣ, ਸਟਾਫ ਕੋਲੋਂ ਸਿੱਧੇ ਹੀ ਪ੍ਰਸ਼ਨ ਪੁੱਛ ਸਕਦੇ ਸਨ ਅਤੇ ਸ਼ੈਲਟਰਡ ਹਾਊਸਿੰਗ ਵਿਚ ਵਾਲੀ ਸਹਇਤਾ ਨੂੰ ਖੁਦ ਹੀ ਵੇਖ ਸਕਦੇ ਸਨ। ਇਹ ਜਥੇਬੰਦੀਆਂ ਸ਼ੈਲਟਰਡ ਹਾਊਸਿੰਗ ਦੇ ਵਿਕਾਸਾਂ–ਐਡਿਨਬਰ੍ਹਾ, ਕਲੈਂਡਰ, ਟਰੂਨ, ਐਲਗਜ਼ੈਂਡਰੀਆ ਅਤੇ ਹੈਲੰਜ਼ਬਰ੍ਹਾ–ਵਿਚ ਗਈਆਂ ਅਤੇ ਇਸ ਬਾਰੇ ਮਿਲੀ ਜਾਣਕਾਰੀ ਬੜੀ ਰਚਨਾਤਮਕ ਹੈ।

"ਸਟਾਫ ਵਲੋਂ ਪੇਸ਼ ਕੀਤਾ ਗਿਅ ਨਿੱਘਾ ਸੁਆਗਤ ਅਤੇ ਪਰਾਹੁਣਾਚਾਰੀ ਦੀ ਬਹੁਤ ਜ਼ਿਆਦਾ ਸ਼ਲਾਘਾ ਕੀਤੀ ਗਈ ਸੀ। ਸਾਧਾਰਣ ਰੂਪ ਵਿਚ ਇਹ ਜਾਣਕਾਰੀ ਵਾਲਾ ਦਿਨ ਸਮਝਿਆ ਜਾਂਦਾ ਸੀ ਜਿਸ ਨੇ ਸ਼ੈਲਟਰਡ ਹਾਊਸਿੰਗ ਨਾਲ ਲਗੇ ਕੁਝ ਰਹੱਸ ਨੂੰ ਖਤਮ ਕੀਤਾ ਸੀ"
ਸ਼ਹੀਦਾ ਜ਼ਫਰ ਕਮਿਊਨਿਟੀ ਕੇਅਰ ਮੈਨੇਜਰ ਐਮ ਈ ਸੀ ਸੀ

"ਜਦੋਂ ਅਸੀਂ ਕਲੈਂਡਰ ਵਿਚ ਤੁਹਾਡਾ ਹਾਊਸਿੰਗ ਕੰਪਲੈਕਸ ਵੇਖਣ ਆਏ ਸੀ ਤਾਂ ਉਸ ਸਮੇਂ ਵਿਖਾਈ ਗਈ ਪਰਾਹੁਣਾਚਾਰੀ ਲਈ ਸੱਚੇ ਦਿਲੋਂ ਧੰਨਵਾਦ ਅਤੇ ਸ਼ਲਾਘਾ ਕਰਦੀ ਹਾਂ।"
ਨੀਨਾ ਅਗਰਵਾਲ, ਮੈਨੇਜਰ, ਮਿਲਨ

## ਭਾਈਵਾਲੀ ਵਿਚ ਕੰਮ ਕਰਨਾ

ਅਜਕਲ ਇਹ ਐਸੋਸੀਏਸ਼ਨਾਂ ਮਿਲਨ ਨਾਲ ਗਲ ਬਾਤ ਕਰ ਰਹੀਆਂ ਹਨ ਕਿ ਵਿਸ਼ੇਸ਼ ਮੰਤਵ ਨਾਲ ਬਣਾਏ ਜਾਣ ਵਾਲੇ ਡੇ ਕੇਅਰ ਸੈਂਟਰ ਦੀ ਸਥਾਪਨਾ ਦੀ ਪ੍ਰਗਤੀ ਬਾਰੇ ਉਹ ਇਸ ਜਥੇਬੰਦੀ ਦੀ ਕੀ ਸਹਾਇਤਾ ਕਰ ਸਕਦੀਆਂ ਹਨ। ਮਿਲਨ (ਵੱਡੀ ਵੈੱਲਫੇਅਰ ਕੌਂਸਲ) ਇਸ ਸੈਂਟਰ ਵਾਸਤੇ ਮੁਹਿੰਮ ਚਲਾ ਰਹੀ ਹੈ, ਜਿਹੜਾ ਇਸ ਦੀ ਵਰਤੋਂ ਕਰਨ ਵਾਲਿਆਂ ਦੀਆਂ ਲੋੜਾਂ ਨੂੰ ਪੂਰਾ ਕਰੇਗਾ ਅਤੇ ਆਰਾਮਦੇਹ ਅਤੇ ਉੱਚਿਤ ਰਿਹਾਇਸ਼ ਪ੍ਰਦਾਨ ਕਰੇਗਾ।

"ਸਾਡੀ ਸੇਵਾ ਦੀ ਵਰਤੋਂ ਕਰਨ ਵਾਲਿਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਵਿਚ ਰੋਹਿਨੀ ਸ਼ਰਮਾ ਦੀ ਹਾਊਸਿੰਗ ਈਕੁਅਲ ਅਪਰਚੂਨਿਟੀਜ਼ ਅਫਸਰ ਦੇ ਤੌਰ ਤੇ ਨਿਯੁਕਤੀ ਹੋਣ ਨਾਲ ਬਹੁਤ ਜ਼ਿਆਦਾ ਫਰਕ ਪਿਆ ਹੈ। ਉਸ ਵਲੋਂ ਸਾਡੇ ਸੈਂਟਰ ਵਿਚ ਕੀਤੀਆਂ ਜਾਂਦੀਆਂ ਮਾਸਿਕ ਸਰਜਰੀਆਂ ਦੇ ਸਿੱਟੇ ਵਜੋਂ ਕਈਆਂ ਨੂੰ ਘਰ ਮਿਲੇ ਹਨ। ਜਿਹੜੇ ਕੇਸ ਉਸ ਕੋਲ ਭੇਜੇ ਜਾਂਦੇ ਹਨ ਉਨ੍ਹਾਂ ਵਿਚ ਉਹ ਨਿੱਜੀ ਦਿਲਚਸਪੀ ਲੈਂਦੀ ਹੇ ਅਤੇ ਘਰਾਂ ਦਾ ਮੇਲ ਉਨ੍ਹਾਂ ਦੀਆਂ ਲੋੜਾਂ ਅਨੁਸਾਰ ਕਰਦੀ ਹੈ।"

ਲਾਰਡ ਐਮ ਯੂਸਫ ਇਨਾਇਤ ਓ ਬੀ ਈ ਓ ਆਈ ਏ ਜੇ ਪੀ
ਚੇਅਰਮੈਨ ਮਿਲਨ (ਸੀਨੀਅਰ ਵੈਲਫੇਅਰ ਕੌਂਸਲ)

## ਸੁਣਨਾ

### ਸ਼ੈਲਟਰਡ ਹਾਊਸਿੰਗ ਦੇ ਫਾਇਦੇ

ਹਾਊਸਿੰਗ ਐਸੋਸੀਏਸ਼ਨਾਂ ਕੋਲ ਸ਼ੈਲਟਰਡ ਹਾਊਸਿੰਗ ਬਾਰੇ ਆਡੀਓ ਕੈਸਟ ਹਨ।
"ਇਹ ਕੀ ਹੈ, ਇਹ ਕਿਸ ਵਾਸਤੇ ਹੈ ਅਤੇ ਇਸ ਨੂੰ ਕਿਵੇਂ ਲੈ ਸਕਦੇ ਹੋ?" ਇਹ ਕੈਸਟਾਂ ਉਧਾਰ ਲਈਆਂ ਜਾ ਸਕਦੀਆਂ ਹਨ ਅਤੇ ਇਹ ਚੀਨੀ, ਉਰਦੂ, ਬੰਗਾਲੀ ਅਤੇ ਪੰਜਾਬੀ ਭਾਸ਼ਾਵਾਂ ਵਿਚ ਹਨ।
ਜੇਕਰ ਤੁਸੀਂ ਸੋਚਦੇ ਹੋ ਕਿ ਤੁਹਾਡੀ ਜਥੇਬੰਦੀ ਜਾਂ ਕੋਈ ਵਿਅਕਤੀ ਸ਼ੈਲਟਰਡ ਹਾਊਸਿੰਗ ਬਾਰੇ ਪਤਾ ਕਰਕੇ ਫਾਇਦਾ ਉਠਾ ਸਕਦਾ ਹੈ ਤਾਂ ਕ੍ਰਿਪਾ ਕਰਕੇ ਰੋਹਿਨੀ ਨਾਲ ਇਸ ਨੰਬਰ ਤੇ ਸੰਪਰਕ ਕਰੋ
0131 225 7246

## ਓਪਨ ਸਰਜਰੀਆਂ

ਓਪਨ ਸਰਜਰੀਆਂ ਕਮਿਊਨਿਟੀਆਂ ਨਾਲ ਜਨਤਕ ਪੱਧਰ ਤੇ ਸੰਬੰਧਾਂ ਵਿਚ ਲਗਾਤਾਰ ਸੁਧਾਰ ਕਰ ਰਹੀਆਂ ਹਨ। ਇਨ੍ਹਾਂ ਹਾਊਸਿੰਗ ਐਸੋਸੀਏਸ਼ਨਾਂ ਵਲੋਂ ਪ੍ਰਦਾਨ ਕੀਤੀ ਜਾਂਦੀ ਰਿਹਾਇਸ਼ੀ ਸਲਾਹ ਲੈਣ ਵਾਲਿਆਂ ਦੀ ਗਿਣਤੀ ਵਿਚ ਪਿਛਲੇ ਕੁਝ ਮਹੀਨਿਆਂ ਵਿਚ ਬਹੁਤ ਜ਼ਿਆਦਾ ਵਾਧਾ ਹੋਇਆ ਹੈ।

ਜੇਕਰ ਕੋਈ ਹੋਰ ਬੀ ਐਮ ਈ ਬਜ਼ੁਰਗਾਂ ਦਾ ਡੇ ਕੇਅਰ ਸੈਂਟਰ ਚਾਹਵੇ ਕਿ ਹਾਊਸਿੰਗ ਈਕੂਅਲ ਅਪਰਚੂਨਿਟੀਜ਼ ਅਫਸਰ ਆ ਕੇ ਉਨ੍ਹਾਂ ਦੇ ਸੈਂਟਰ ਵਿਚ ਬਜ਼ੁਰਗ ਲੋਕਾਂ ਦੀ ਰਿਹਾਇਸ਼ ਬਾਰੇ ਬੋਲੇ ਤਾਂ ਪ੍ਰਬੰਧ ਕਰਨ ਲਈ ਰੋਹਿਨੀ ਨੂੰ 0131 225 7246 ਤੇ ਫੋਨ ਕਰੋ।

" ਮੇਲ–ਮਿਲਾਪ ਡੇ ਕੇਅਰ ਸੈਂਟਰ ਵਿਚ ਨਿਯਮਿਤ ਰੂਪ ਵਿਚ ਹੋਣ ਵਾਲੀਆਂ ਸਰਜਰੀਆਂ ਨੇ ਰੋਹਿਨੀ ਨਾਲ ਸਿੱਧਾ ਸੰਪਰਕ ਕਰਨ ਲਈ ਸੇਵਾ ਦੀ ਵਰਤੋਂ ਕਰਨ ਵਾਲਿਆਂ ਦੀ ਅਤੇ ਆਪਣੇ ਰਿਹਾਇਸ਼ੀ ਮੁੱਦਿਆਂ ਬਾਰੇ ਬਿਨਾਂ ਕਿਸੇ ਭਾਸ਼ਾਈ ਵਿੱਘਣ ਦੇ ਗਲਬਾਤ ਕਰਨ ਲਈ ਸਹਿਤਾ ਕੀਤੀ ਹੈ। ਇਸ ਜਾਣਕਾਰੀ ਲੀਫਲੈਂਟ, ਨੀਊਜ਼ਲੈਟਰ ਅਤੇ ਸ਼ੈਲਟਰਡ ਹਾਊਸਿੰਗ ਵਿਚ ਜਾਣ ਨਾਲ ਮੇਲ–ਮਿਲਾਪ ਦੀ ਵਰਤੋਂ ਕਰਨ ਵਾਲਿਆਂ ਅਤੇ ਸਟਾਫ ਨੂੰ ਸ਼ੈਲਟਰਡ ਹਾਊਸਿੰਗ ਅਤੇ ਇਸ ਦੇ ਫਾਇਦਿਆਂ ਦੀ ਪਛਾਣ ਹੋਈ ਹੈ।

ਰਿਹਾਇਸ਼ੀ ਲੋੜਾਂ ਪੂਰੀਆਂ ਕਰਨ ਲਈ ਐਸੋਸੀਏਸ਼ਨਾਂ ਵਲੋਂ ਕੀਤੇ ਗਏ ਉੱਦਮਾਂ ਦਾ ਅਸੀਂ ਸੁਆਗਤ ਕਰਦੇ ਹਾਂ।

ਮਿਸਟਰ ਗੁਰਦੀਪ ਸਿੰਘ ਪੁਰੀ
ਮੇਨੇਜਰ, ਮੇਲ–ਮਿਲਾਪ ਸੈਂਟਰ

## ਮਾਸਿਕ ਸਰਜਰੀਆਂ

ਬਜ਼ੁਰਗ ਲੋਕਾਂ ਲਈ ਰਿਹਾਇਸ਼ ਬਾਰੇ ਸਲਾਹ ਅਤੇ ਜਾਣਕਾਰੀ ਅਤੇ ਇਨ੍ਹਾਂ ਹਾਊਸਿੰਗ ਐਸੋਸੀਏਸ਼ਨਾਂ ਵਿਚ ਨੌਕਰੀ ਦੇ ਅਵਸਰ ਸਾਡੀਆਂ ਮਾਸਿਕ ਸਰਜਰੀਆਂ ਵਿਚ ਲਗਾਤਾਰ ਉਪਲਬਧ ਹੁੰਦੇ ਹਨ।

ਮਹੀਨੇ ਦੇ ਹਰ ਦੂਜੇ ਮੰਗਲਵਾਰ
12.00–2.00 ਵਜੇ ਬਾਦ ਦੁਪਹਿਰ ਮਿਲਨ ਵਿਚ
ਟੈਲੀ: 0131 555 5330 ਟੈਲੀ: 0131 555 6500

ਮਹੀਨੇ ਦੇ ਹਰ ਪਹਿਲੇ ਮੰਗਲਵਾਰ
11.00–1.00 ਵਜੇ ਬਾਦ ਦੁਪਹਿਰ ਮੇਲ–ਮਿਲਾਪ ਸੈਂਟਰ ਵਿਚ
ਟੈਲੀ : 0141 564 1038

ਮਹੀਨੇ ਦੇ ਹਰ ਦੂਜੇ ਬੁਧਵਾਰ
11.00–1.00 ਵਜੇ ਬਾਦ ਦੁਪਹਿਰ ਐਮ ਈ ਸੀ ਸੀ ਵਿਚ
ਟੈਲੀ: 0141 585 8012

ਇਸ ਨੀਊਜ਼ਲੈਟਰ ਬਾਰੇ ਲਗਾਤਾਰ ਟਿੱਪਣੀਆਂ ਅਤੇ ਸੁਝਾਵਾਂ ਲਈ ਤੁਹਾਡਾ ਧੰਨਵਾਦ।
ਕ੍ਰਿਪਾ ਕਰਕੇ ਆਪਣੇ ਵਿਚਾਰ ਜਾਂ ਸੁਝਾਉ ਇਥੇ ਭੇਜਦੇ ਰਹੋ:

Rohini Sharma
Housing Equal Opportunities Officer
Kirk Care Housing Association Ltd
9 Albyn Place
Edinburgh, EH2 4NG
Tel: 0131 225 7246
Email: rsharma@kirkcare.co.uk

**EDINBURGH**
Kirk Care Housing Association Limited,
3 Forres Street Edinburgh EH3 6BJ
Tel 0131 225 7246
Hanover (Scotland) Housing Association Limited, 36 Albany Street,
Edinburgh EH1 3QH
Tel: 0131 557 0598
Bield Housing Association Limited,
22 Windsor Street, Edinburgh EH7 5JR
Tel: 0131 273 4000

**GLASGOW**
Kirk Care Housing Association Limited,
25 Park Circus, Glasgow G3 6AP
Tel: 0141 341 3200
Hanover (Scotland) Housing Association Limited, 5 Newton Place,
Glasgow G3 7PR
Tel: 0141 353 1353
Bield Housing Association Limited,
12 Somerset Place, Glasgow G3 7JT
Tel: 0141 270 7200